# ਸਤਲੁਜ ਕਿਨਾਰੇ ਤੋਂ ਬਰਨਾਲੇ

ਸ਼ਹਿਰ ਬਰਨਾਲਾ ਦੇ ਬਾਹਰ ਇੱਕ ਝਿੜੀ ਵਿੱਚ ਬੈਠ ਕੇ ਪ੍ਰਭੂ ਸਿਮਰਨ ਕਰ ਰਹੇ ਸਨ (ਇਸੇ ਜਗ੍ਹਾਂ ਤੇ ਬਾਬਾ ਨੰਦ ਸਿੰਘ ਜੀ ਦੁਪਹਿਰੇ ਠਹਿਰੇ ਸਨ ਜਦੋਂ ਭਦੌੜ ਤੋਂ ਧਨੌਲੇ ਜਾ ਰਹੇ ਸਨ। ਇਸੇ ਜਗ੍ਹਾਂ ਤੇ ਹੀ ਬਾਬਾ ਈਸ਼ਰ ਸਿੰਘ ਜੀ ਨੇ ਆਪਣੇ ਪਵਿੱਤਰ ਕਰ ਕਮਲਾਂ ਨਾਲ ਨਾਨਕ ਸਰ ਠਾਠ ਬਣਾਇਆ।) ਇੱਥੇ ਦੋ ਦਿਨਾਂ ਬਾਦ ਕੀ ਵੇਖਿਆ ਕਿ ਇੱਕ ਗਰੀਬ ਘਰ ਦੀ ਮਾਈ ਜੰਗਲ ਵਿੱਚ ਲੱਕੜਾਂ ਬਾਲਣ ਚੁਗਦੀ ਫਿਰਦੀ ਹੈ ਤੇ ਰੋਈ ਜਾਂਦੀ ਹੈ। ਬਾਬਾ ਜੀ ਨੇ ਪੁੱਛਿਆ, "ਮਾਈ ਰੋਂਦੀ ਕਿਉਂ ਹੈਂ ? ਪਹਿਲਾਂ ਤਾਂ ਉਸ ਨੇ ਕਿਹਾ ਜੀ, ਮੇਰੇ ਕਰਮਾਂ ਦਾ ਫਲ ਹੈ ਜੋ ਮਿਲ ਰਿਹਾ ਹੈ। ਆਪ ਜੀ ਨੇ ਪੁੱਛਿਆ ਫਿਰ ਵੀ ਕੀ ਗੱਲ ਹੈ। ਕਹਿਣ ਲੱਗੀ ਮੇਰਾ ਪਤੀ ਮਰ ਚੁੱਕਾ ਹੈ ਤੇ ਇੱਕ ਚਾਰ ਪੰਜ ਸਾਲ ਦਾ ਲੜਕਾ ਹੈ। ਉਸ ਨੂੰ ਇੱਕ ਸਾਲ ਤੋਂ ਐਸੀ ਬਿਮਾਰੀ ਲੱਗਗੀ ਹੈ। ਕੋਈ ਸਮਝ ਨਹੀਂ ਆਈ। ਜਿਤਨੀ ਮੇਰੀ ਹਿੰਮਤ ਪਈ ਉਸ ਨੂੰ ਦੁਆਈ ਵੀ ਕਰਾ ਚੁੱਕੀ ਹਾਂ। ਕਈਆਂ ਸੰਤਾਂ ਨੂੰ ਵੀ ਮੱਥਾ ਟਿਕਾਇਆ, ਪਰ ਕਿਤੇ ਆਰਾਮ ਨਹੀਂ ਹੋਇਆ। ਬੱਸ ਹੁਣ ਅੱਜ ਮਰਿਆ ਕਿ ਕੱਲ੍ਹ ਮਰਿਆ ਸਮਝੋ। ਆਪ ਕਹਿਣ ਲੱਗੇ ਮਾਈ ਜੇ ਬਚ ਰਹੇ ? ਉਹ ਬੋਲੀ ਚੰਗਾ ਹੀ ਹੈ ਜੇ ਬਚ ਰਹੇ। ਆਪ ਬੋਲੇ, ਤੂੰ ਕੁਛ ਕਰੇਂਗੀ ਵੀ। ਕਹਿਣ ਲੱਗੀ ਗਰੀਬਣੀ ਹਾਂ। ਮੇਰੇ ਪਾਸ ਪੈਸਾ ਤਾਂ ਕੋਈ ਹੈ ਨਹੀਂ, ਜਿਸ ਦੇ ਨਾਲ ਪੁੰਨ ਦਾਨ ਕਰ ਸਕਾਂ। ਆਪ ਬੋਲੇ ਤੇਰੇ ਪਾਸੋਂ ਪੁੰਨ ਸਿਰਫ਼ ਇੱਕੋ ਹੀ ਕਰਾਉਣਾ ਹੈ। ਉਹ ਬੋਲੀ ਕੀ ? ਇਹ ਬੱਚਾ ਕਿਸੇ ਨੂੰ ਦੇ ਦੇ। ਕਹਿਣ ਲੱਗੀ "ਕਿਸੇ ਕਿਸਨੂੰ ? ਇਸ ਹਾਲਤ ਵਿੱਚ ਲਵੇਗਾ ਕੌਣ ? ਤਾਂ ਆਪ ਬੋਲੇ "ਅਸੀਂ ਲਵਾਂਗੇ"

ਮਾਈ ਕਹਿਣ ਲੱਗੀ "ਤੁਸੀਂ ਚੇਲਾ ਬਨਾਉਣਾ ਹੈ ?"

ਬਾਬਾ ਜੀ, "ਤੈਨੂੰ ਕੀ ਭਾਵੇਂ ਬਣਾਈਏ ਭਾਵੇਂ ਨਾ ਬਣਾਈਏ।"

"ਦਿਆਂਗੀ ਰਾਜ਼ੀ ਹੋਏ ਤੋਂ"।

"ਜਾ ਲੈ ਆ ਬੱਚੇ ਨੂੰ!" ਬਾਬਾ ਜੀ ਨੇ ਬਚਨ ਕੀਤਾ। ਮਾਈ ਬੱਚੇ ਨੂੰ ਉਸੇ ਵੇਲੇ ਜਾ ਕੇ ਲੈ ਆਈ। ਬਾਬਾ ਜੀ ਨੇ ਦੇਖਿਆ ਤੇ ਕਿਹਾ, "ਬੜਾ ਕਮਜ਼ੋਰ ਹੋ ਗਿਆ।" ਉਹ ਬੋਲੀ "ਦੇਖ ਲਓ।" ਆਪ ਬੋਲੇ "ਐਥੇ ਸਾਡੇ ਸਾਮ੍ਹਣੇ ਜ਼ਮੀਨ ਤੇ ਪਾ ਦੇ।" ਉਸ ਨੇ ਪਾ ਦਿੱਤਾ। ਹਜ਼ੂਰ ਨੇ ਇੱਕ ਕੱਪੜਾ ਇਸ ਦੇ ਉੱਪਰ ਦੇ ਦਿੱਤਾ। ਫਿਰ ਮਾਈ ਨੂੰ ਬੋਲੇ "ਹੁਣ ਤੂੰ ਜਾ ਕੇ ਆਪਣਾ ਕੰਮ ਕਰ ਲੈ।" ਉਹ ਜੱਕੋ ਤੱਕੀ ਵਿੱਚ ਉੱਠ ਕੇ ਚਲੀ ਗਈ। ਜਦੋਂ ਬਾਲਣ ਲੈਣ ਆਈ ਤਾਂ ਬੱਚੇ ਦੇ ਕੋਲ ਬੈਠਣ ਲੱਗੀ। ਬਾਬਾ ਜੀ ਬੋਲੇ "ਜਾ ਘਰ ਨੂੰ ਤੇ ਇੱਕ ਪਹਿਰ ਤੋਂ ਬਾਅਦ ਆਈਂ।" ਉਹ ਤੁਰ ਤਾਂ ਪਈ ਪਰ ਇੱਕ ਦੋ ਵਾਰ ਪਿੱਛੇ ਮੁੜ ਕੇ ਦੇਖਦੀ ਰਹੀ। ਘਰੋਂ ਜਾ ਕੇ ਜਲਦੀ ਹੀ ਆਈ। ਜਿਸ ਵੇਲੇ ਆ ਕੇ ਬਾਬਾ ਜੀ ਨੂੰ ਆਵਾਜ਼ ਦਿੱਤੀ ਤਾਂ ਆਪ ਜੀ ਬੋਲੇ ਕੱਪੜਾ ਚੁੱਕ ਕੇ ਆਪਣੇ ਪੁੱਤਰ ਨੂੰ ਦੇਖ ਲੈ। ਜਦੋਂ ਉਸ ਨੇ ਮੂੰਹ ਤੋਂ ਕੱਪੜਾ ਲਾਹਿਆ ਦੇਖ ਕੇ ਹੈਰਾਨ ਰਹਿ ਗਈ। ਲੜਕੇ ਦਾ ਚਿਹਰਾ ਉਸ ਨੂੰ ਇਉਂ ਲੱਗਿਆ ਜਿਵੇਂ ਕਿਤੇ ਬਿਮਾਰ ਹੋਇਆ ਹੀ ਨਹੀਂ ਹੁੰਦਾ। ਬਾਬਾ ਜੀ ਹੱਸ ਕੇ ਬੋਲੇ ਹੁਣ ਇਹ ਸਾਡਾ ਹੈ "ਤੇਰਾ ਨਹੀਂ। ਰਹੇਗਾ ਤੇਰੇ ਕੋਲ ਹੀ ਪਰ ਸਾਡਾ ਬਣ ਕੇ ਰਹੂਗਾ। ਇਹ ਸਿੱਧ ਪੁਰਖ ਹੋਵੇਗਾ। ਇਸ ਇਲਾਕੇ ਵਿੱਚ ਕਦੋਂ ਕੋਈ ਕੰਮ ਕਰਨਾ ਹੋਏਗਾ ਇਸ ਦੇ ਰਾਹੀਂ ਕਰਿਆ ਕਰਾਇਆ ਕਰਾਂਗੇ।" ਇਉਂ ਬਚਨ ਕਰਕੇ ਬੋਲੇ "ਇਹ ਗੱਲ ਕਿਸੇ ਨੂੰ ਨਹੀਂ ਦੱਸਣੀ, ਚੁੱਪ ਹੀ ਰਹਿਣਾ ਹੈ।" ਫਿਰ ਮਾਈ ਨੇ ਪੁੱਛਿਆ "ਜੀ ਤੁਹਾਡਾ ਕੀ ਨਾਮ ਹੈ ? ਕਿੱਥੋਂ ਆਏ ਹੋ।" ਆਪ ਬੋਲੇ ਆਏ ਹਾਂ ਫਿਰਦੇ ਤੁਰਦੇ। ਸਾਡਾ ਨਾਮ ਹੈ ਮਹਾਂ ਹਰਨਾਮ ਸਿੰਘ ਰੂੰਮੀ ਵਾਲੇ। ਫਿਰ ਆਪ ਨੇ ਬੱਚੇ ਦਾ ਨਾਮ ਪੁੱਛਿਆ ਤੇ ਮਾਈ ਦੇ ਨਾਮ ਦੱਸਣ ਤੇ ਬੋਲੇ "ਇਹ ਨਾਮ ਨਹੀਂ ਚੰਗਾ। ਇਸ ਦਾ ਨਾਂ ਅਸੀਂ ਰੱਖਾਂਗੇ। ਇਸਦੇ ਨਾਲ ਹੀ ਕਿਹਾ ਇਸਦਾ ਨਾਮ ਹੈ ਮਿਰਚਾਂ ਖਾਣਾ।" ਮਾਈ ਬੋਲੀ ਇਹ ਵੀ ਕੋਈ ਨਾਂ ਹੈ। ਆਪ ਨੇ ਕਿਹਾ ਜੋ ਮਰਜ਼ੀ ਰੱਖੀਏ। ਕਿਸੇ ਨੂੰ ਕੀ। ਅਸੀਂ ਆਪਣੇ ਦਾ ਨਾਮ ਰੱਖ ਦਿੱਤਾ ਜੋ ਸਾਨੂੰ ਚੰਗਾ ਲੱਗਿਆ। ਫਿਰ ਬੋਲੇ ਲੈ ਜਾ ਇਸ ਨੂੰ, ਅੱਗੇ ਤੋਂ ਇਹ ਮਸਤ ਹੀ ਰਹੇਗਾ। ਕਿਸੇ ਨਾਲ ਬੋਲੇਗਾ ਨਹੀਂ। ਗਰਮੀ, ਸਰਦੀ, ਭੁੱਖ, ਤੇਹ ਦੀ ਵੀ ਇਸ ਨੂੰ ਕੋਈ ਪ੍ਰਵਾਹ ਨਹੀਂ ਹੋਵੇਗੀ। ਐਵੇਂ ਲੈ ਕੇ ਲੋਕਾਂ ਕੋਲ ਨਾ ਭੱਜੀ ਫਿਰੀਂ ਘਰ ਹੀ ਇਸਨੂੰ ਸੰਭਾਲ ਕੇ ਰੱਖੀਂ।

ਬਾਬਾ ਜਸਵੰਤ ਸਿੰਘ ਜੀ ਦੱਸਿਆ ਕਰਦੇ ਸਨ ਬਾਬਾ ਈਸ਼ਰ ਸਿੰਘ ਜੀ ਨੇ ਬਖਸ਼ਿਸ਼ ਕੀਤੀ ਸੀ ਇਸੇ ਜਗ੍ਹਾਂ ਬਾਬਾ ਮਹਾਂ ਹਰਨਾਮ ਸਿੰਘ ਜੀ ਨੇ ਇੱਕ ਮਾਈ ਦਾ ਲੜਕਾ ਰਾਜ਼ੀ ਕੀਤਾ ਸੀ। ਇਸੇ ਲਈ ਇਸ ਧਰਤੀ ਉੱਪਰ ਨਾਨਕਸਰ ਠਾਠ ਬਣਾ ਕੇ ਸਰੋਵਰ ਬਣਾ ਕੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ ਜਿੱਥੋਂ ਅੱਜ ਵੀ ਹਜ਼ਾਰਾਂ ਹੀ ਸਿੱਖ ਸੰਗਤਾਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਉਪਦੇਸ਼ ਹਾਸਲ ਕਰਕੇ ਆਪਣੇ ਜੀਵਨ ਨੂੰ ਸਫ਼ਲਾ ਕਰ ਰਹੀਆਂ ਹਨ।

ਇੱਥੋਂ ਫਰਵਾਹੀ ਪਹੁੰਚੇ ਅੱਗੇ ਧਨੌਲੇ ਗਏ। ਧਨੌਲਾ ਤੋਂ ਚੱਲ ਕੇ ਬਾਬਾ ਜੀ ਭਦੌੜ ਵਿੱਚ ਦੀ ਹੁੰਦੇ ਹੋਏ ਪਿੰਡ ਭਾਈ ਰੂਪੇ ਪਹੁੰਚੇ, ਜੋ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਮੋਹੜੀ ਗੱਡ ਕੇ ਆਪਣੇ ਅਨਿੰਨ ਸਿੱਖ ਬਾਬਾ ਭਾਈ

ਰੂਪ ਚੰਦ ਜੀ ਦੇ ਨਾਮ ਤੇ ਇਹ ਪਿੰਡ ਵਸਾਇਆ ਸੀ। ਇੱਥੇ ਭਾਈ ਰੂਪ ਚੰਦ ਜੀ ਤੇ ਬਾਬਾ ਗਿਆਨ ਚੰਦ ਜੀ ਦੀ ਸੰਤਾਨ ਤੇ ਹੋਰ ਸਿੱਖ ਸੰਗਤਾਂ ਨੂੰ ਕਈ ਦਿਨ ਠਹਿਰ ਕੇ ਨਾਮ ਬਾਣੀ ਦਾ ਉਪਦੇਸ਼ ਦਿੱਤਾ।

ਇੱਥੋਂ ਚੱਲ ਕੇ ਆਪ ਜੀ ਕੋਠਾ ਗੁਰੂ ਕਾ, ਭਗਤਾ, ਸੀਰੀਏ ਵਾਲਾ, ਬਾਜਾ ਖਾਨਾ, ਢਿੱਲਵਾਂ, ਕੋਟ ਕਪੂਰਾ ਤੇ ਹੋਰ ਦਰਜਨਾਂ ਹੀ ਪਿੰਡ ਵਿੱਚ ਦੀ ਹੁੰਦੇ ਹੋਏ ਪਿੰਡ ਭੁੱਚੋ ਆਏ। ਪਿੰਡ ਭੁੱਚੋ ਕੀ ਆਏ! ਬੱਸ ਇੱਥੋਂ ਦੇ ਹੀ ਬਣ ਕੇ ਰਹਿ ਗਏ। ਬਾਬਾ ਜੀ ਨੇ ਅਨੇਕਾਂ ਵਾਰੀ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਸੀ ਕਿ ਇਹ ਭੁੱਚੋ ਪਿੰਡ ਅਤੇ ਰੁਮੀ ਪਿੰਡ, ਸਾਡੇ ਪਿਛਲੇ ਜਨਮਾਂ ਦੇ ਤਪ ਅਸਥਾਨ ਹਨ। ਇਹੋ ਕਾਰਨ ਹੈ ਕਿ ਇੱਥੇ ਰਹਿੰਦਿਆਂ ਸਾਡਾ ਮਨ ਜ਼ਿਆਦਾ ਸ਼ਾਂਤ ਰਹਿੰਦਾ ਹੈ ਤੇ ਵਾਹਿਗੁਰੂ ਦੇ ਸਾਡੇ ਉੱਪਰ ਕੀਤੇ ਜਾ ਰਹੇ ਮਹਾਨ ਪਰਉਪਕਾਰ ਯਾਦ ਆਉਂਦੇ ਹਨ। ਬਾਬਾ ਜੀ ਨੇ ਡੇਰਾ ਬਾਬਾ ਰੁਮੀ ਵਾਲਾ ਵੀ ਭੁੱਚੋ ਕਲਾਂ ਵਿਖੇ ਹੀ ਬਣਾਇਆ। ਇਹ ਅਸਥਾਨ ਪਿੰਡ ਭੁੱਚੋਂ ਤੋਂ 4 ਕਿਲੋਮੀਟਰ ਦੂਰ ਹੈ ਤੇ ਬਠਿੰਡਾ ਤੋਂ 15 ਕਿਲੋਮੀਟਰ ਦੂਰ ਹੈ। ਬਠਿੰਡਾ ਬਰਨਾਲਾ ਸੜਕ ਉੱਪਰ ਭੁੱਚੋ ਕੈਂਚੀਆਂ ਤੋਂ ਅੱਧਾ ਕੁ ਕਿਲੋਮੀਟਰ ਤੇ ਸਥਿਤ ਹੈ। ਇਸ ਡੇਰੇ ਨੂੰ ਆਪ ਜੀ ਨੇ ਖੂਬ ਭਾਗ ਲਾਏ। ਇੱਥੇ ਰਹਿੰਦਿਆਂ ਹੀ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਲੱਖਾਂ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਜੋੜਿਆ। ਅਨੇਕਾਂ ਹੀ ਸੰਤ ਮੰਡਲੀਆਂ ਇੱਥੇ ਆਪ ਪਾਸ ਗਿਆਨ ਚਰਚਾ ਕਰਨ ਅਤੇ ਗੁਰਮਤਿ ਅਨੁਸਾਰ ਪ੍ਰਮਾਰਥ ਦਾ ਮਾਰਗ ਸਿਖਣ ਆਉਂਦੇ, ਅਨੇਕਾਂ ਹੀ ਦੁਖੀਏ ਆਪਣੇ ਦੁੱਖਾਂ ਦੀ ਨਵਿਰਤੀ ਲਈ ਆਉਂਦੇ। ਆਪ ਸਭਨਾਂ ਦੀਆਂ ਮਨੋਕਾਮਨਾਵਾਂ ਪੂਰਨ ਕਰਦੇ।

ਬਾਬਾ ਜੀ ਦਾ ਸਰਬ ਸਾਂਝਾ ਉਪਦੇਸ਼ ਹੁੰਦਾ ਸੀ।

*(ੳ) ਸਰਬ ਰੋਗ ਕਾ ਅਉਖਦੁ ਨਾਮੁ॥ (੨੭੪)*

*(ਅ) ਸੇਵਾ ਕਰਤ ਹੋਇ ਨਿਹਕਾਮੀ॥ (੨੮੬)*

*(ੲ) ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ (੧੦੭੦)*

*(ਸ) ਜੇ ਲੋੜਹਿ ਸਦਾ ਸੁਖੁ ਭਾਈ॥*
*ਸਾਧੂ ਸੰਗਤਿ ਗੁਰਹਿ ਬਤਾਈ॥ (੧੧੮੨)*

*(ਹ) ਮਾਣਸ ਸੇਵਾ ਖਰੀ ਦੁਹੇਲੀ॥*
*ਸਾਧ ਕੀ ਸੇਵਾ ਸਦਾ ਸੁਹੇਲੀ॥ (੧੧੮੨)*

*(ਕ) ਸਤਿਗੁਰ ਕੀ ਸੇਵਾ ਸਫਲ ਹੈ*
*ਜੇ ਕੋ ਕਰੇ ਚਿਤੁ ਲਾਇ॥ (੫੫੨)*

*(ਖ) ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ॥ (੪੦੧)*

*(ਗ) ਮਨ ਨਾਮੁ ਜਪਿ ਨਾਮੁ ਆਰਾਧਿ,*
*ਅਨਦਿਨੁ ਨਾਮੁ ਵਖਾਣੀ॥*
*ਉਪਦੇਸੁ ਸੁਣਿ ਸਾਧ ਸੰਤਨ ਕਾ,*
*ਸਭ ਚੂਕੀ ਕਾਣਿ ਜਮਾਣੀ॥ (੬੦੮)*

ਬਾਬਾ ਜੀ ਨੇ ਆਈਆਂ ਸੰਗਤਾਂ ਨੂੰ ਸੱਚਾਈ, ਦਯਾ, ਭਗਤੀ, ਸ਼ਰਧਾ, ਉਪਾਸਨਾ, ਧਰਮ, ਸੰਤੋਖ, ਨਿਮਰਤਾ, ਪਰਉਪਕਾਰ ਤੇ ਦਾਨ, ਉੱਦਮ ਆਦਿ ਧਰਮ ਦੇ ਗੁਹਜ ਵਿਸ਼ਿਆਂ ਉੱਪਰ ਉਪਦੇਸ਼ ਦਿੰਦੇ। ਬਾਬਾ ਜੀ ਕਿਹਾ ਕਰਦੇ ਸਨ ਕਿ ਸੱਚ ਤ੍ਰੈਕਾਲ ਸੱਚ ਹੈ, ਸੱਚ ਦਾ ਆਚਾਰ ਸਭ ਤੋਂ ਉੱਚਾ ਹੈ। ਸੱਚ ਹੀ ਮਨੁੱਖਾ ਜੀਵਨ ਦੇ ਸਾਰੇ ਕੰਮ ਕਾਜ ਦਾ ਮੂਲ ਹੈ।

*"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥*

(ਪੰਨਾ ੬੨)

ਗੁਰਸਿੱਖ ਨੇ ਗੁਰਮਤਿ ਮਾਰਗ ਰਾਹੀਂ ਸੱਚ ਉਪਦੇਸ਼ ਧਾਰਨ ਕਰਦਿਆਂ ਕਾਮ, ਕ੍ਰੋਧ ਆਦਿ ਬੁਰਾਈਆਂ ਉੱਪਰ ਕਾਬੂ ਪਾ ਕੇ ਅਧਿਆਤਮਿਕ ਪਦ ਦੀ ਪ੍ਰਾਪਤੀ ਕਰਨੀ ਹੈ। ਗੁਰਸਿੱਖ ਨੇ ਇੰਨਾ ਬੁਰਾਈਆਂ ਨੂੰ ਮਾਰਨਾ ਨਹੀਂ ਸੁਧਾਰਨਾ ਹੈ। ਕਾਮ ਨੂੰ ਸੰਜਮ ਵਿੱਚ ਬਦਲਣਾ ਹੈ ਕ੍ਰੋਧ ਨੂੰ ਵੀਰਤਾ ਵਿੱਚ ਲੋਭ ਨੂੰ ਸੰਤੋਖ ਅਤੇ ਪਰਉਪਕਾਰ ਵਿੱਚ ਮੋਹ ਨੂੰ ਨਿਸ਼ਕਾਮ ਪ੍ਰੇਮ ਨੂੰ ਤੇ ਹੰਕਾਰ ਨੂੰ ਸਵੈਮਾਨ ਅਤੇ ਅਣਖ ਵਿੱਚ ਜੋ ਇਨਸਾਨ ਇੰਨਾਂ ਵਿਸ਼ੇ ਵਿਕਾਰਾਂ ਤੇ ਔਗੁਣਾਂ ਉੱਪਰ ਕਾਬੂ ਪਾ ਲੈਂਦਾ ਹੈ। ਉਹੀ ਆਤਮਿਕ ਪਾਂਧੀ ਬਣ ਕੇ ਨਿਰੰਕਾਰ ਪ੍ਰਭੂ ਦੇ ਦਰਸ਼ਨ ਕਰ ਸਕਦਾ ਹੈ।

ਪੰਚਮ ਪਾਤਸ਼ਾਹ ਨੇ ਵਿਕਾਰਾਂ ਦਾ ਜ਼ਿਕਰ ਕਰਦਿਆਂ ਪਹਿਲੇ ਮੋਹ ਦਾ ਇਉਂ ਵਰਨਣ ਕੀਤਾ।

***ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦ ਨਹ॥***
***ਗਣ ਗੰਧਰਬ ਦੇਵ ਮਾਨੁਖੵ ਪਸੁ ਪੰਖੀ ਬਿਮੋਹਨਹ॥ (੧੩੫੮)***

ਦੱਸਿਆ ਜਾਂਦਾ ਹੈ ਕਿ ਜਿਸ ਡੇਰੇ ਵਿੱਚ ਆ ਕੇ ਆਪ ਰਹਿਣ ਲੱਗੇ ਇਹ ਟਿੱਲੇ ਵਾਲੀ ਜਗ੍ਹਾਂ ਨਿਰਮਲੇ ਸਾਧੂਆਂ ਦਾ ਅਸਥਾਨ ਸੀ। ਇਸ ਤੇ ਸੰਤ ਬਾਬਾ ਵਿਧਾਵਾ ਸਿੰਘ ਜੀ ਰਹਿੰਦੇ ਸਨ। ਸੰਤ ਵਿਧਾਵਾ ਸਿੰਘ ਜੀ ਨਾਲ ਆਪਜੀ ਨੂੰ ਬਹੁਤ ਗਿਆਨ ਗੋਸ਼ਟ ਹੋਇਆ ਤੇ ਉਨ੍ਹਾਂ ਨੇ ਇਹ ਵੇਖ ਲਿਆ ਕਿ ਆਪ ਵੱਡੇ ਮਹਾਂਪੁਰਸ਼ ਹੋ ਇਸ ਲਈ ਉਨ੍ਹਾਂ ਨੇ ਹਰ ਕੰਮ ਆਪਜੀ ਦੇ ਹੁਕਮ ਅਨੁਸਾਰ ਸੱਤ ਬਚਨ ਕਹਿ ਕੇ ਕਰਨਾ ਸ਼ੁਰੂ ਕੀਤਾ। ਬਾਬਾ ਜੀ ਨੇ ਉਨ੍ਹਾਂ ਪਾਸੋਂ ਆਪਣੀ ਮਾਤਾ ਜੀ ਦੇ ਨਾਂ ਤੇ ਸਹਿਜ ਪਾਠ ਵੀ ਕਰਵਾਇਆ। ਇੱਥੇ ਹੀ ਭਾਈ ਨੀਲਾ ਸਿੰਘ ਆਪ ਜੀ ਦਾ ਅਨਿੰਨ ਸੇਵਾਦਾਰ ਬਣਿਆ।

ਬਾਬਾ ਜੀ ਇੱਥੇ ਰਹਿੰਦੇ ਹਨ। ਆਪਣੀਆਂ ਅੱਖਾਂ ਉੱਪਰ ਪੱਟੀ ਬੰਨ ਕੇ ਰੱਖਦੇ ਸਨ ਅਤੇ ਅੱਗ ਦੇ ਦਰਸ਼ਨ ਨਹੀਂ ਸਨ ਕਰਦੇ। ਜੇ ਕੋਈ ਇਸ ਜਗ੍ਹਾਂ ਆਪ ਜੀ ਪਾਸ ਸ਼ਰਧਾ ਭਾਵਨਾ ਨਾਲ ਆਉਂਦਾ ਤਾਂ ਉਸਨੂੰ ਲੰਮਾ ਪਾ ਕੇ ਜਗ੍ਹਾਂ ਉੱਪਰ ਮੱਥਾ ਟਿਕਾਉਂਦੇ ਤੇ ਕਹਿੰਦੇ ਕੇ ਇਹ ਅਸਥਾਨ ਉਹ ਸਥਾਨ ਹੈ ਜਿੱਥੇ ਬਹੁਤ ਸਾਰੇ ਮਹਾਂਪੁਰਸ਼ ਤਪੱਸਵੀ ਰਹਿ ਕੇ ਭਗਤੀ ਕਰਦੇ ਰਹੇ ਹਨ। ਜੋ ਵੀ ਸ਼ਰਧਾਲੂ ਆਪ ਜੀ ਪਾਸ ਸ਼ਰਧਾ ਭਾਵਨਾ ਨਾਲ ਆਉਂਦਾ ਜਾਂ ਕਿਸੇ ਮੁਰਾਦ ਨੂੰ ਲੈ ਕੇ ਆਉਂਦਾ ਉਸਨੂੰ ਇਸ ਅਸਥਾਨ ਜਿਸਦਾ ਨਾਮ ਬਾਬਾ ਜੀ ਨੇ ਸੁਕੀਨ ਘਰ ਰੱਖਿਆ ਸੀ, ਉੱਪਰ ਜ਼ਰੂਰ ਮੱਥਾ ਟਿਕਵਾਉਂਦੇ ਤੇ ਕਹਿੰਦੇ ਤੇਰੇ ਮੱਥੇ ਉੱਪਰ ਸਾਡੀ ਮੋਹਰ ਲੱਗ ਗਈ ਹੈ। ਤੇਰੇ ਸਾਰੇ ਮਨੋਰਥ ਪੂਰਨ ਹੋਣਗੇ ਅਤੇ ਪ੍ਰਲੋਕ ਵਿੱਚ ਵੀ ਜਮਦੂਤ ਆਪ ਦਾ ਕੁਝ ਨਹੀਂ ਵਿਗਾੜ ਸਕੇਗਾ। ਸਗੋਂ ਜਨਮ ਮਰਨ ਦਾ ਚੱਕਰ ਕੱਟਿਆ ਜਾਵੇਗਾ।

ਬਾਬਾ ਜੀ ਪਾਸ ਜੋ ਵੀ ਆਉਂਦਾ ਉਹ ਇੱਕ ਰਜਿਸਟਰ ਉੱਪਰ ਉਸਦੇ ਪਿੰਡ ਦਾ ਨਾਮ ਉਸਦਾ ਨਾਮ ਪਿਤਾ ਦਾ ਨਾਮ ਗੋਤ ਨਾਨਕੇ ਦਾਦਕੇ ਅਤੇ ਹੋਰ ਨਜ਼ਦੀਕੀ ਰਿਸ਼ਤੇਦਾਰੀਆਂ ਆਦਿ ਦਾ ਪੂਰਾ ਵੇਰਵਾ ਲਿਖਦੇ ਕਈ ਵਾਰ ਸਿੱਖ ਸੰਗਤਾਂ ਨੇ ਪੁੱਛਿਆ ਕਿ ਅਜਿਹਾ ਕਿਉਂ ਕੀਤਾ ਜਾਂਦਾ ਹੈ ਤਾਂ ਆਪ ਹੱਸ ਕੇ ਕਹਿੰਦੇ ਕਿ ਕੋਈ ਮੌਕਾ ਆਵੇਗਾ ਇੰਨਾ ਕਾਗਜ਼ਾਂ ਦੀ ਜ਼ਰੂਰਤ ਪਵੇਗੀ ਤੇ ਇਨ੍ਹਾਂ ਲਿਖਤਾਂ ਦੀ ਜ਼ਰੂਰਤ ਪਵੇਗੀ ਅੱਜ ਵੀ ਉਸ ਡੇਰੇ ਵਿੱਚ ਹਜ਼ਾਰਾਂ ਹੀ ਲਿਖਤਾਂ ਦੇਖੀਆਂ ਜਾ ਸਕਦੀਆਂ ਹਨ। ਇੱਥੇ ਰਹਿੰਦਿਆਂ ਹੀ ਬਾਬਾ ਵਧਾਵਾ ਸਿੰਘ ਜੀ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਆਪ ਜੀ ਪਾਸ ਪਹੁੰਚੇ। ਆਪ ਜੀ ਨੇ ਬਾਬਾ ਨੰਦ ਸਿੰਘ ਜੀ ਨੂੰ ਪਹਿਲੇ ਦਿਨ ਹੀ ਮਹਾਨ ਮਹਾਂਪੁਰਸ਼ ਸਮਝਦੇ ਹੋਇਆਂ ਆਤਮਿਕ ਉਪਦੇਸ਼ ਦਿੱਤਾ ਅਤੇ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਦਾ ਜਾਪ ਕਰਨ ਦੀ ਯੁਕਤੀ ਸਮਝਾਈ। ਬਾਬਾ ਨੰਦ ਸਿੰਘ ਜੀ ਨੇ ਇੱਥੇ ਰਹਿ ਕੇ ਤੇ ਅਧਿਆਤਮਿਕ ਤੇ ਪ੍ਰਮਾਰਥਿਕ ਵਿੱਦਿਆ ਇੰਨਾ ਪਾਸੋਂ ਹੀ ਹਾਸਲ ਕੀਤੀ। ਬਹੁਤ ਸਾਰੀਆਂ ਰਹਿਮਤਾਂ ਤੇ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ ਬਾਬਾ ਜੀ ਨੇ ਖੁਸ਼ ਹੋ ਕੇ ਇੰਨਾ ਨੂੰ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸੰਪਟ ਪਾਠ ਕਰਨ ਦੀ ਜੁਗਤੀ ਵੀ ਦੱਸੀ। ਲੱਗਭੱਗ 12 ਸਾਲ ਬਾਬਾ ਨੰਦ ਸਿੰਘ ਜੀ ਇੰਨਾ ਪਾਸ ਰਹੇ।

ਬਾਬਾ ਜੀ ਦਾ ਜੀਵਨ ਵੈਰਾਗੀ ਅਤੀਤ ਵਾਲਾ ਜੀਵਨ ਸੀ। ਇੰਨਾ ਦੀ ਫੱਕਰਾਂ ਵਾਲੀ ਰਹਿਣੀ ਬਹਿਣੀ ਸੀ। ਮੌਜ ਵਿੱਚ ਆਏ ਤਾਂ ਪ੍ਰਸਾਦਾ ਛਕ ਲਿਆ ਨਹੀਂ ਤਾਂ ਕਈ ਕਈ ਮਹੀਨੇ ਚੁੱਪ ਹੀ ਸਾਧ ਰੱਖਦੇ। ਦੱਸਿਆ ਜਾਂਦਾ ਹੈ ਕਿ ਗਰਮੀ ਦੇ ਮਹੀਨੇ ਵਿੱਚ ਵੀ ਆਪ ਕਦੀ ਕਦੀ ਪਾਣੀ ਪੀਂਦੇ ਸਨ ਅਤੇ ਅਤਿ ਦੀ ਠੰਡ ਪੋਹ ਮਾਘ ਦੇ ਮਹੀਨੇ ਵਿੱਚ ਵੀ ਆਪ ਜੀ ਇਸਨਾਨ ਕਰਕੇ ਕੱਪੜਾ ਨਹੀਂ ਸਨ ਲੈਂਦੇ। ਭਗਤੀ ਵਿੱਚ ਮਗਨ ਰਹਿੰਦੇ ਸਨ ਜਿਹਾ ਕਿ ਇੰਨਾ ਦਾ ਬਚਪਨ ਬਾਰੇ ਦੱਸਦਿਆਂ ਕਿ ਆਪ ਜਨਮ ਤੋਂ ਸਰਦੀ, ਗਰਮੀ, ਦੁੱਖ, ਸੁੱਖ, ਮੋਹ, ਮਮਤਾ, ਖੁਸ਼ੀ, ਗਮੀ, ਭੁੱਖ, ਨੀਂਦ ਤੋਂ ਮੁਕਤ ਹੋ ਚੁੱਕੇ ਸਨ। ਇੱਥੇ ਰਹਿੰਦਿਆਂ ਅਨੇਕਾਂ ਹੀ ਸੰਤਾਂ ਤੇ ਸ਼ਰਧਾਲੂਆਂ ਨੇ ਇਹ ਰੰਗ ਆਪਣੇ ਅੱਖੀਂ ਵੇਖੇ। ਆਪ ਨੂੰ ਕਦੇ ਕਿਸੇ ਨੇ ਕਿਸੇ ਸਮੇਂ ਵੀ ਸੁੱਤਾ ਨਹੀਂ ਸੀ ਵੇਖਿਆ। ਆਪ ਜਾਂ ਤਾਂ ਚੱਲਦੇ ਫਿਰਦੇ ਸੇਵਾ ਸਿਮਰਨ ਵਿੱਚ ਲੱਗੇ ਵਿਖਾਈ ਦਿੰਦੇ ਜਾਂ ਫਿਰ ਚੌਂਕੜੀ ਮਾਰ ਕੇ ਪ੍ਰਭੂ ਭਗਤੀ ਵਿੱਚ ਲੀਨ ਹੋਏ ਦਿਸਦੇ!

ਆਪ ਜਿੰਨੇ ਵੀ ਪਰਉਪਕਾਰ ਸਿੱਖ ਸੰਗਤਾਂ ਉੱਪਰ ਕੀਤੇ ਉਹ ਲਿਖੇ ਹੀ ਨਹੀਂ ਜਾ ਸਕਦੇ। ਉਸ ਦਾ ਵਰਨਣ ਕਰਨਾ ਅਸੰਭਵ ਜਾਪਦਾ ਹੈ ਆਪ ਜੀ ਦਾ ਉਪਦੇਸ਼ ਸਾਂਝਾ ਹੁੰਦਾ ਸੀ ਜਾਂ ਫਿਰ ਆਮ ਧਰਮ ਦੇ ਉੱਪਰ ਜ਼ੋਰ ਦੇਣ ਦਾ ਉਪਦੇਸ਼ ਦਿੰਦੇ ਸੀ। ਨਾਮ ਜਪਣ ਤੇ ਸੱਚ ਬੋਲਣ, ਧਰਮ ਦੀ ਕਿਰਤ ਕਰਨਾ ਭਲੇ ਪੁਰਸ਼ਾਂ ਦੀ ਸੰਗਤ ਜਿਹੇ ਵਿਸ਼ਿਆਂ ਨੂੰ ਸਮਝਾਉਂਦੇ ਸੀ। ਉਨ੍ਹਾਂ ਦੇ ਬਚਨਾਂ ਦੀ ਮਿਸਾਲ – 'ਸ਼ਕਤੀ ਤੇ ਗਿਆਨ ਦਾ ਸੋਮਾ ਕੇਵਲ ਨਿਰੰਕਾਰ ਹੈ। ਕਲਯੁਗ ਦੇ ਅਵਤਾਰ ਸ਼੍ਰੀ ਗੁਰੂ ਨਾਨਕ ਦੇਵ ਜੀ ਹਨ ਉਨ੍ਹਾਂ ਦੀ ਬਾਣੀ ਪੜ੍ਹੋ ਤੇ ਉਨਾਂ ਦਾ ਧਿਆਨ ਧਰੋ, "ਵਾਹਿਗੁਰੂ" ਸ਼ਬਦ ਦਰਗਾਹੀ ਟਿਕਟ ਹੈ। ਗੁਰੂ ਨਾਨਕ ਪਾਤਸ਼ਾਹ ਹਿੰਦੂਆਂ ਦਾ ਗੁਰੂ ਮੁਸਲਮਾਨਾਂ ਦਾ ਪੀਰ ਸਰਬ ਸਾਂਝਾ ਗੁਰੂ ਹੈ। ਗੁਰੂ ਨਾਨਕ ਦੇ ਦਰ ਘਰ ਤੋਂ ਲੋਕ ਪ੍ਰਲੋਕ ਦੀਆਂ ਸਾਰੀਆਂ ਬਖਸ਼ਿਸ਼ਾਂ ਪ੍ਰਾਪਤ ਹੁੰਦੀਆਂ ਹਨ। ਇਸ ਦਰ ਤੇ ਆਇਆ ਕੋਈ ਵੀ ਖਾਲੀ ਨਹੀਂ ਜਾਂਦਾ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ।

ਬਾਬਾ ਜੀ ਕਿਹਾ ਕਰਦੇ ਸਨ ਕਿ ਸਤਿਗੁਰ ਦਾ ਹੁਕਮ ਸਿਰ ਮੱਥੇ ਮੰਨ ਕੇ "ਆਪੁ ਗੁਵਾਈਐ ਤਾ ਸਹੁ ਪਾਈਐ।"

ਤੇ ਸੁਨਹਿਰੀ ਅਸੂਲ ਉੱਪਰ ਚੱਲਦਿਆਂ ਹਾਉਮੈ ਦਾ ਤਿਆਗ ਕਰਕੇ ਭਗਤੀ ਭਾਵ ਨਾਲ ਪ੍ਰਭੂ ਮਿਲਣ ਦੀ ਜੁਕਤੀ ਦੱਸਿਆ ਕਰਦੇ ਸਨ। ਆਪ ਜੀ ਨੇ ਗੁਰਮਤਿ ਦੀ ਨਿਰਮਲ ਮਰਯਾਦਾ ਤੇ ਪਰੰਪਰਾ ਦਾ ਮੁੱਢ ਬੰਨਿਆ ਕਥਾ ਕੀਰਤਨ ਤੇ ਅਨਮੋਲ ਬਚਨਾਂ ਦੁਆਰਾ ਸੰਗਤਾਂ ਨੂੰ ਗੁਰੂ ਸਾਹਿਬ ਨਾਲ ਜੋੜਿਆ ਗੁਰੂ ਸਾਹਿਬ ਦੇ ਹੁਕਮਨਾਮੇ ਨੂੰ ਮੁੱਖ ਰੱਖਕੇ ਅੰਮ੍ਰਿਤ ਮਈ ਬਚਨ ਕਰਿਆ ਕਰਦੇ ਸਨ। ਆਪਣੇ ਅਨੁਭਵ ਤੋਂ ਗੁਰਬਾਣੀ ਤੇ ਵਿਚਾਰ, ਦ੍ਰਿਸ਼ਟਾਂਤ ਅਤੇ ਸਾਖੀਆਂ ਸੁਣਾ ਕੇ ਸੰਗਤਾਂ ਦਾ ਉਧਾਰ ਕਰਦੇ ਸਨ। ਨਾਲੋ ਨਾਲ ਗੁਰਬਾਣੀ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਲਿਖਤਾਂ ਵਿੱਚੋਂ ਢੁਕਵੇਂ ਪ੍ਰਮਾਣ ਦੇ ਕੇ ਹੋਰ ਸਪੱਸ਼ਟ ਕਰਦੇ ਸਨ। ਇੱਕ ਦੋ ਵੇਰਾਂ ਹਸਾ ਕੇ ਸੰਗਤਾਂ ਦੀ ਇਕਾਗਰਤਾ ਖਿੱਚੀ ਰੱਖਣ ਦਾ ਉਨ੍ਹਾਂ ਦਾ ਉਚੇਚਾ ਢੰਗ ਸੀ। ਮਾਲਵੇ ਦੀ ਸਿੱਧੀ ਸਾਦੀ ਬੋਲੀ ਵਿੱਚ ਬਚਨ ਕਰਦੇ ਸਨ। ਪਰ ਵਿਸ਼ੇਸ਼ਤਾ ਇਹ ਸੀ ਕਿ ਉਨ੍ਹਾਂ ਦਾ ਲਹਿਜਾ, ਹੱਸਮੁੱਖ ਚਿਹਰੇ ਦੇ ਦਰਸ਼ਨ, ਮੁਸਕਾਨ ਤੇ ਮਿਠਾਸ, ਸਰੋਤਿਆਂ ਤੋਂ ਅਜਿਹਾ ਮਿਕਨਾਤੀਸੀ ਪ੍ਰਭਾਵ ਪਾਉਂਦੇ ਕਿ ਹਜ਼ਾਰਾਂ ਦੇ ਇਕੱਠ ਘੰਟਿਆਂ ਬੱਧੀ ਪੂਰੇ ਧਿਆਨ ਨਾਲ ਕੀਰਤਨ ਤੇ ਬਚਨ ਸਰਵਣ ਕਰਦੇ ਰਹਿੰਦੇ। ਜ਼ਰੂਰੀ ਵਿਸ਼ਿਆਂ ਨੂੰ ਦੋ ਤਿੰਨ ਵਾਰ ਵੀ ਸਮਝਾਉਂਦੇ, ਪਰ ਮਨੋਰਥ ਇਹੀ ਹੁੰਦਾ ਹੈ ਕਿ ਹਰ ਇੱਕ ਪ੍ਰਾਣੀ ਪੂਰਾ ਲਾਭ ਲਵੇ ਅਤੇ ਖੁਸ਼ੀਆਂ ਦੀ ਝੋਲੀ ਭਰ ਕੇ ਜਾਵੇ। ਅਜਿਹੇ ਕਾਰਜਾਂ ਨੂੰ ਗੁਰਬਾਣੀ ਵਿੱਚ ਇੰਝ ਫ਼ੁਰਮਾਨ ਕੀਤਾ ਗਿਆ ਹੈ।

***ਕਾਟੇ ਅਗਿਆਨ ਤਿਮਰ ਨਿਰਮਲੀਆ,***
***ਬੁਧਿ ਬਿਗਾਸ ਬਿਬੇਕਾ॥***
***ਜਿਉ ਜਲ ਤਰੰਗ ਫੇਨੁ ਜਲ ਹੋਈ ਹੈ,***
***ਸੇਵਕ ਠਾਕੁਰ ਭਏ ਏਕਾ॥ (੧੨੦੯)***

ਮਹਾਂਪੁਰਸ਼ਾਂ ਤੇ ਸਤਿਗੁਰਾਂ ਵਿੱਚ ਭੇਦਤਾ ਖਤਮ ਹੋ ਜਾਂਦੀ ਹੈ। ਅਜਿਹਾ ਕਿ ਗੁਰਬਾਣੀ ਦਾ ਫੁਰਮਾਨ ਹੈ ਕਿ

***ਹਰਿ ਹਰਿਜਨ ਦੁਇ ਏਕ ਹੈ,***
***ਬਿਬ ਬਿਚਾਰ ਕਛ ਨਾਹਿ॥***
***ਜਲ ਤੇ ਉਪਜ ਤਰੰਗ ਜਿਉ,***
***ਜਲ ਹੀ ਬਿਖੈ ਸਮਾਹਿ॥***
***ਗੁਰੂ ਸਿਖੁ ਸਿਖੁ ਗੁਰੂ ਹੈ ਏਕੋ,***
***ਗੁਰ ਉਪਦੇਸ਼ ਚਲਾਏ॥***

ਬਾਬਾ ਜੀ ਨੇ ਇੱਥੇ ਰਹਿੰਦਿਆਂ ਕੇਵਲ ਸਾਧੂ ਸੰਤਾਂ ਅਤੇ ਸ਼ਰਧਾਲੂ ਉੱਪਰ ਹੀ ਕ੍ਰਿਪਾ ਨਹੀਂ ਕੀਤੀ ਸਗੋਂ ਉੱਤਰੀ ਭਾਰਤ ਦੇ ਕੋਨੇ ਕੋਨੇ ਵਿੱਚ ਜਾ ਕੇ ਦੁਖੀਆਂ ਦੇ ਦੁੱਖ ਵੀ ਦੂਰ ਕੀਤੇ। ਗਰੀਬ, ਜ਼ਿਮੀਦਾਰਾਂ, ਆਜੜੀ, ਚੋਰਾਂ, ਫਕੀਰਾਂ, ਗ੍ਰਿਹਸਤੀਆਂ ਬਲਕਿ ਹਰ ਇੱਕ ਉੱਪਰ ਮਿਹਰ ਦੀ ਦ੍ਰਿਸ਼ਟੀ ਕੀਤੀ ਜਿੰਨਾ ਦਾ ਵੇਰਵਾ ਜੇ ਬਿਆਨ ਕਰਨ ਲੱਗੀਏ ਤਾਂ ਇੱਕ ਵੱਡੇ ਗਰੰਥ ਤੋਂ ਘਟ ਨਹੀਂ ਹੋਵੇਗਾ :-

***(ੳ) ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ॥***

***(੮੧੨)***

***ਨਾਨਕ ਦਾਸੁ ਮੁਖ ਤੇ ਜੋ ਬੋਲੈ,***
***ਈਹਾਂ ਊਹਾਂ ਸਚੁ ਹੋਵੈ॥ (੬੮੧)***

***(ਅ) ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥***
***ਬਚਨੁ ਗੁਰੂ ਜੋ ਪੂਰੈ ਕਹਿਓ,***
***ਮੈਂ ਛੀਕਿ ਗਾਂਠਰੀ ਬਾਧਾ॥ (੧੨੦੪)***

ਬਾਬਾ ਜੀ ਸਰੀਰ ਛੱਡਣ ਤੋਂ ਕੁੱਝ ਸਮਾਂ ਪਹਿਲਾਂ ਆਪਣੇ ਬਚਨਾਂ ਵਿੱਚ ਕਹਿਣ ਲੱਗੇ ਪਏ ਸੀ ਕਿ ਕੰਮ ਬਹੁਤਾ ਹੈ ਪਰ ਕੋਟਾ ਥੋੜ੍ਹਾ ਹੈ। ਇਸ ਤਰ੍ਹਾਂ ਕਈ ਇਸ਼ਾਰੇ ਕਰਦੇ ਰਹੇ ਪਰ ਕਿਸੇ ਨੂੰ ਉਸ ਸਮੇਂ ਠੀਕ ਸਮਝ ਨਹੀਂ ਆਈ। ਕਈ ਨਿਕਟਵਰਤੀ ਬਾਅਦ ਵਿੱਚ ਕਹਿੰਦੇ ਸੀ ਕਿ ਜੇ ਪਹਿਲਾਂ ਸਮਝ ਆ ਜਾਂਦੀ ਤਾਂ ਬੇਨਤੀ ਕਰ ਲੈਂਦੇ। ਸੰਨ 1927 ਪੋਹ ਵਦੀ ਸੱਤਵੀਂ ਨੂੰ ਸ਼ਾਮ ਦੇ ਸਮੇਂ ਸਾਰੀ ਮਰਯਾਦਾ ਕਰ ਚੁੱਕਣ ਤੋਂ ਬਾਅਦ ਬਾਬਾ ਜੀ ਦੇ ਸਰੀਰ ਛੱਡਣ ਸਮੇਂ ਸੰਤ ਨਾਰਾਇਣ ਸਿੰਘ ਜੀ (ਮਹਿਣੇ) ਵਾਲੇ ਬਾਬਾ ਜੀ ਦੇ ਚਰਨਾਂ ਦੀ ਸੇਵਾ ਕਰ ਰਹੇ ਸਨ ਨੇ ਬੇਨਤੀ ਕੀਤੀ ਮਹਾਰਾਜ ਤੁਹਾਡਾ ਸਰੀਰ ਤਪ ਰਿਹਾ ਹੈ। ਜਿਵੇਂ ਤਾਪ ਚੜ੍ਹਿਆ ਹੋਵੇ। ਅੱਗੋ ਬਚਨ ਕੀਤਾ ਸ਼ੁੱਧ ਹੈ। ਬਾਬਾ ਜੀ ਨੇ ਹੁਕਮ ਕੀਤਾ ਕਿ ਮਾਈ ਖੇਮ

ਕੌਰ ਜੰਡਾਂ ਵਾਲੀ ਨੂੰ ਬੁਲਾਓ। ਮਾਤਾ ਜੀ ਆ ਗਏ। ਬਾਬਾ ਜੀ ਨੇ ਮਾਤਾ ਖੇਮ ਕੌਰ ਨੂੰ ਕਿਹਾ ਕਿ ਅਸੀਂ ਹੁਣ ਸਰੀਰ ਛੱਡਣ ਲੱਗੇ ਹਾਂ। ਇਸ ਭਾਣੇ ਨੂੰ ਸਾਰੀਆਂ ਸੰਗਤਾਂ ਨੇ ਰੱਬੀ ਭਾਣਾ ਸਮਝ ਕੇ ਮੰਨਣਾ ਸ਼ੋਕ ਨਹੀਂ ਕਰਨਾ। ਦੇਖਦੇ ਦੇਖਦੇ ਹੀ ਜੋਤ ਵਿੱਚ ਜੋਤ ਰਲ ਗਈ। ਸੰਗਤਾਂ ਵਿੱਚ ਉਸ ਸਮੇਂ ਅਥਾਹ ਸੋਗ ਫੈਲ ਗਿਆ। ਚਾਰ ਚੁਫੇਰੇ ਮਾਤਮ ਦਾ ਵਾਤਾਵਰਨ ਛਾਅ ਗਿਆ। ਇਹ ਇੱਕ ਅਜਿਹੀ ਅਣਹੋਣੀ ਵਾਪਰੀ ਜਿਸਦਾ ਕਿਸੇ ਨੂੰ ਜਲਦੀ ਯਕੀਨ ਨਹੀਂ ਆਉਂਦਾ। ਸੰਗਤਾਂ ਦਾ ਜਲਦੀ ਹੀ ਠਾਠਾਂ ਮਾਰਦਾ ਸਮੁੰਦਰ ਵਰਗਾ ਇਕੱਠ ਆਉਣਾ ਸ਼ੁਰੂ ਹੋ ਗਿਆ ਦੂਰ ਨੇੜੇ ਤੋਂ ਸੰਗਤਾਂ ਪਹੁੰਚਣ ਲੱਗੀਆਂ ਸੰਗਤਾਂ ਤੋਂ ਵਿਛੋੜਾ ਝੱਲਿਆ ਨਹੀਂ ਸੀ ਜਾਂਦਾ ਕਿਉਂਕਿ ਬਾਬਾ ਜੀ ਦਾ ਸਭ ਨਾਲ ਹੀ ਅਥਾਹ ਪਿਆਰ ਸੀ। ਬਾਬਾ ਜੀ ਦਾ ਸੰਸਕਾਰ ਟਿੱਲੇ ਉੱਪਰ ਹੀ ਕੀਤਾ ਗਿਆ। ਸੰਸਕਾਰ ਉੱਪਰ ਬਾਬਾ ਨੰਦ ਸਿੰਘ ਜੀ ਵੀ ਪਹੁੰਚ ਗਏ। ਨਮਸਕਾਰ ਕੀਤੀ ਅੰਗੀਠੇ ਦੀਆਂ ਪਰਕਰਮਾ ਕੀਤੀਆਂ। ਉਸ ਅਸਥਾਨ ਦੀ ਸੇਵਾ ਬਾਬਾ ਜੀ ਦੇ ਚਰਨ ਸੇਵਕ ਬਾਬਾ ਨਰਾਇਣ ਸਿੰਘ ਜੀ ਉਹਨਾਂ ਤੋਂ ਬਾਅਦ ਈਸ਼ਰ ਸਿੰਘ ਜੀ ਤੇ ਮੌਜੂਦਾ ਬਾਬਾ ਖੇਮ ਸਿੰਘ ਜੀ ਸੇਵਾ ਕਰ ਰਹੇ ਹਨ।

✫✫✫